(i) Printed Pages : 3 Roll No. ...............................

(ii) Questions : 2 **Sub. Code : 1 3 4 1 1**

**Exam. Code : 5 0 4 1**

**Bachelor of Computer Application (FYUP) 1st Sem.**

**(2124)**

**PUNJABI**

**Paper : Compulsory Punjabi (PUN123)**

**Time Allowed : Three Hours] [Maximum Marks : 45**

## ਯੂਨਿਟ-I

### ਭਾਗ-ੳ

1. ਹੇਠ ਲਿਖੇ ਨਿਬੰਧਾਂ ਵਿੱਚੋਂ ਕਿਸੇ **ਇੱਕ** ਨਿਬੰਧ ਦੇ ਵਿਸ਼ੇ ਅਤੇ ਸਾਰ ਸਬੰਧੀ ਲਿਖੋ।
   (ੳ) ਪੰਜਾਬ ਦੀ ਆਤਮਾ।
   (ਅ) ਰਸਮਾਂ ਤਿਉਹਾਰ ਤੇ ਮੇਲੇ। 8

### ਭਾਗ-ਅ

ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਦੋ** ਪ੍ਰਸ਼ਨਾਂ ਦਾ ਉੱਤਰ ਲਿਖੋ:

(i) ਪੰਜਾਬ ਦੀ ਧਰਤੀ ਨੂੰ ਕਿਸ ਕਰਕੇ ਪੰਜਾਬ (ਪੰਜ-ਆਬ) ਤਾ ਨਾਂ ਦਿੱਤਾ ਗਿਆ ?

(ii) ਸੰਸਾਰ ਦੀ ਸਭ ਤੋਂ ਪੁਰਾਣੀ ਪੁਸਤਕ ਦਾ ਨਾਂ ਲਿਖੋ। ਇਹ ਕਿੱਥੇ ਤੇ ਕਦੋਂ ਰਚੀ ਗਈ।

(iii) ਅਸ਼ੋਕ ਰਾਜਾ ਬੁਧ ਧਰਮੀ ਕਿਉਂ ਬਣ ਗਿਆ ?

(iv) ਬਾਬਰ ਨੇ ਕਿਸ ਈਸਵੀ ਵਿੱਚ ਤੇ ਕਿਹੜੀ ਲੜਾਈ ਵਿੱਚ ਜਿੱਤ ਪ੍ਰਾਪਤ ਕਰਕੇ ਦਿੱਲੀ ਵਿੱਚ ਮੁਗਲ ਰਾਜ ਦੀ ਨੀਂਹ ਰੱਖੀ ?

4+4=8

### ਭਾਗ-ੲ

ਹੇਠ ਲਿਖਿਆਂ ਵਾਰਤਕ ਟੋਟਿਆਂ ਵਿੱਚੋਂ ਕਿਸੇ **ਇੱਕ** ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਪੰਜਾਬ ਵਿੱਚ ਕਾਦਰ ਨੂੰ ਮੰਨਣ ਵਾਲੇ ਵੀ ਹਨ ਅਤੇ ਗੈਬੀ ਸ਼ਕਤੀ ਨੂੰ ਨਾ ਮੰਨਣ ਵਾਲੇ ਵੀ ਹਨ। ਪ੍ਰਮਾਤਮਾ ਦੇ ਰੂਪ ਦੇ ਉਪਾਸ਼ਕ ਵੀ ਹਨ ਤੇ ਨਿਰੰਕਾਰ ਵਾਹਿਗੁਰੂ ਉਪਰ ਵਿਸ਼ਵਾਸ ਰੱਖਣ ਵਾਲੇ ਵੀ, ਅੱਲਾ ਨੂੰ ਸਰਬਸ਼ਕਤੀਮਾਨ ਕਹਿਣ ਵਾਲੇ ਵੀ ਅਤੇ ਗੌਡ ਦੇ ਰਹਿਮ ਤੇ ਜੀਣ ਵਾਲੇ ਵੀ ਹਨ।

(ii) ਰਿਗਵੇਦ ਤੋਂ ਪਹਿਲਾਂ ਤੇ ਉਸ ਤੋਂ ਪਿੱਛੋਂ ਹੁਣ ਤੀਕ ਦੇ ਪੰਜਾਬ ਦਾ ਇਤਿਹਾਸ ਵਧੇਰੇ ਇਸ ਉਪਰ ਹੋਏ ਹਮਲਿਆਂ ਦਾ ਇਤਿਹਾਸ ਹੈ। ਦੁਨੀਆ ਦੇ ਕਿਸੇ ਇਲਾਕੇ ਉੱਤੇ ਵੱਖ ਵੱਖ ਕੌਮਾਂ ਤੇ ਦੇਸ਼ਾਂ ਦੇ ਇੰਨੇ ਹਮਲੇ ਨਹੀਂ ਹੋਏ ਹੋਣਗੇ ਜਿੰਨੇ ਪੰਜਾਬ ਉੱਤੇ ਹੋਏ। 4

## ਯੂਨਿਟ–II

2. (ੳ) ਹੇਠ ਲਿਖੇ ਤਕਨੀਕੀ ਸ਼ਬਦਾਂ ਵਿੱਚੋਂ **ਪੰਜ** ਨੂੰ ਪੰਜਾਬੀ ਵਿੱਚ ਲਿਖੋ :

1. Capital
2. Classification Plan
3. Endorser
4. Grading
5. Import
6. Job Splitting
7. Payment Terms

5×1=5

(ਅ) ਹੇਠ ਲਿਖੇ ਅਖਾਣਾਂ ਵਿੱਚੋਂ ਕੋਈ **ਪੰਜ** ਦੇ ਅਰਥ ਲਿਖੋ :

1. ਤੂਤੀ ਬੋਲਣੀ
2. ਆਪਣਾ ਉੱਲੂ ਸਿੱਧਾ ਕਰਨਾ
3. ਅਸਮਾਨ ਤੇ ਥੁੱਕਣਾ
4. ਪੈਰਾਂ ਹੇਠੋਂ ਜ਼ਮੀਨ ਨਿਕਲ ਜਾਣੀ
5. ਔਸੀਆਂ ਪਾਉਣਾ
6. ਅੱਖਾਂ ਤੇ ਪੱਟੀ ਬੰਨ੍ਹਣੀ
7. ਫੂਕ ਨਿਕਲ ਜਾਣੀ

5×2=10

(ੲ) ਹੇਠ ਲਿਖੇ ਦੋ ਪੱਤਰਾਂ ਵਿੱਚੋਂ ਕਿਸੇ <u>ਇੱਕ</u> ਉੱਤੇ ਪੱਤਰ ਲਿਖੋ :

(i) ਕਿਸੇ ਦਫਤਰ ਜਾਂ ਕੰਪਨੀ ਦੇ ਮੈਨੇਜਰ ਨੂੰ ਉਸਦੀ ਕੰਪਨੀ ਵਿੱਚ ਖਾਲੀ ਆਸਾਮੀਆਂ ਦੀ ਨਿਯੁਕਤੀ ਦੇ ਲਈ ਬਿਨੈ ਪੱਤਰ ਲਿਖੋ (ਆਪਣੀਆਂ ਯੋਗਤਾਵਾਂ ਨੂੰ ਦਰਸਾਂਦੇ ਹੋਏ)

(ii) ਕਿਸੇ ਪੁਸਤਕ ਵਿਕ੍ਰੇਤਾ (Book Seller) ਨੂੰ ਆਪਣੇ ਕਾਲਜ ਦੀ ਲਾਇਬ੍ਰੇਰੀ ਲਈ ਪੁਸਤਕਾਂ ਮੰਗਵਾਉਣ ਲਈ ਪੱਤਰ ਲਿਖੋ।

5×1=5

(ਸ) ਹੇਠ ਲਿਖੇ ਪੈਰ੍ਹੇ ਦੀ ਸਿਰਲੇਖ ਦਸ ਕੇ ਸੰਖੇਪ ਰਚਨਾ ਕਰੋ :

ਔਰਤ ਸਾਡੇ ਘਰ-ਸਮਾਜ ਦਾ ਮੁੱਖ ਅੰਗ ਹੈ। ਘਰ ਬਣਦਾ ਹੀ ਔਰਤ ਨਾਲ ਹੈ। ਵੈਦਿਕ ਕਾਲ ਵਿੱਚ ਇਸਤ੍ਰੀ ਦਾ ਮਹੱਤਵ ਸਮਝ ਕੇ ਉਸਨੂੰ ਯੋਗ ਦਰਜਾ ਦਿੱਤਾ ਜਾਂਦਾ ਸੀ ਪਰ ਉਸ ਤੋਂ ਬਾਦ ਦੇ ਸਮੇਂ ਵਿੱਚ ਇਸਤ੍ਰੀ ਦੀ ਦਸ਼ਾ ਸਮਾਜ ਵਿੱਚ ਕਮਜ਼ੋਰ ਹੋ ਗਈ। ਉਸਨੂੰ ਮਾਇਆ, ਬਾਘਨ, ਤੇ ਨਾਗਿਨ ਕਹਿ ਕੇ ਮਰਦ ਨੇ ਆਪਣੀ ਕਮਜ਼ੋਰੀ ਦਾ ਜਿੰਮੇਵਾਰ ਠਹਿਰਾਇਆ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਜੀ ਨੇ ਇਸਤ੍ਰੀ ਨੂੰ ਸਮਾਜ ਦੀ ਨੀਂਹ ਕਹਿ ਕੇ ਸਨਮਾਨ ਦਿੱਤਾ ਅਤੇ ਉਸਦੀ ਮਹੱਤਤਾ ਨੂੰ ਪੁਨਰ ਸਥਾਪਤ ਕੀਤਾ। $5 \times 1 = 5$